# ਅਗਲੇ ਕਦਮ

1

**ਇੱਥੇ ਆਪਣਾ ਈਮੇਲ ਐਡਰੈਸ ਰਜਿਸਟਰ ਕਰੋ:**
**WWW.JUSTICEFORJANITORS.CA/CAMPAIGNS/GDI-CONTRACT-FIGHT/**

ਜ਼ੂਮ ਮੀਟਿੰਗ ਲਈ ਸੱਦਾ ਪ੍ਰਾਪਤ ਕਰਨ ਲਈ ਅਤੇ ‘ਇਲੈਕਸ਼ਨ ਬੱਡੀ’ ਦੀ ਵਰਤੋਂ ਨਾਲ ਵੋਟ ਪਾਉਣ ਦੇ ਯੋਗ ਹੋਣ ਲਈ ਤੁਹਾਡੇ ਲਈ ਇਹ ਕਰਨਾ ਜ਼ਰੂਰੀ ਹੈ।

**ਰਜਿਸਟਰ ਹੋਣ ਦੀ ਅੰਤਿਮ ਤਾਰੀਕ ਦਿਨ ਵੀਰਵਾਰ, 26 ਨਵੰਬਰ, 2020 ਹੈ**

2

**ਛਨਿਚਰਵਾਰ, 28 ਨਵੰਬਰ, 2020 ਨੂੰ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਔਨਲਾਈਨ ਜ਼ੂਮ ਮੀਟਿੰਗ ਵਿਚ ਸ਼ਾਮਲ ਹੋਵੋ**

ਜ਼ੂਮ ਮੀਟਿੰਗ ਵਿਚ ਸ਼ਾਮਲ ਹੋਣ ਲਈ ਲਿੰਕ ਅਤੇ ਪਾਸਵਰਡ ਤੁਹਾਨੂੰ ਈਮੇਲ ਰਾਹੀਂ ਮਿਲੇਗਾ

3

**ਹੜਤਾਲ ਦੀ ਆਗਿਆ ਲਈ ਹਾਂ ਵਿਚ ਵੋਟ ਪਾਉ**

ਔਨਲਾਈਨ ਵੋਟ ਪਾਉਣ ਲਈ ਜ਼ੂਮ ਮੀਟਿੰਗ ਤੋਂ ਬਾਅਦ ਤੁਹਾਨੂੰ ‘ਇਲੈਕਸ਼ਨ ਬੱਡੀ’ ਤੋਂ ਇਕ ਲਿੰਕ ਮਿਲੇਗਾ।

**ਸੰਪਰਕ ਕਰਨ ਲਈ ਜਾਣਕਾਰੀ**

**ਯੂਨੀਅਨ ਹਾਲ: 604-540-7774**

**ਔਰਗੇਨਾਈਜ਼ਰ: ਕ੍ਰਿਸੀਟੀਨ ਬਰੋ: 778-996-4008, ਪ੍ਰਭਜੋਤ ਹੁੰਦਲ: 236-880-3317, ਚੈਸਟਰ ਦੁਗਨ: 236-333-1376, ਮੇਰੀ ਜੇਨ ਬੇਆਨਗੋਸ: 778-938-3561**

www.JusticeforJanitors.ca

[Punjabi, November 2020]

# JUSTICE FOR JANITORS

## ਬਾਰਗੇਨਿੰਗ ਬਾਰੇ ਜ਼ਰੂਰੀ ਅਪਡੇਟ 2020: ਜੀ ਡੀ ਆਈ ਇਨਟੇਗਰੇਟਿਡ ਫਾਸਿਲਟੀਜ਼



ਅਪਰੈਲ 2020 – ਗੌਰਡਨ ਐਂਡ ਲੈਸਲੀ ਡਾਇਮੰਡ ਹੈਲਥ ਕੇਅਰ ਸੈਂਟਰ ਵਿਖੇ ਜੀ ਡੀ ਆਈ ਵਰਕਰ

ਜੀ ਡੀ ਆਈ ਦੇ ਜੈਨੀਟਰ ਮੂਹਰਲੀਆਂ ਲਾਈਨਾਂ ਵਿਚ ਕੰਮ ਕਰਨ ਵਾਲਿਆਂ ਵਿੱਚੋਂ ਹਨ ਜਿਹੜੇ ਇਸ ਮਹਾਂਮਾਰੀ ਦੌਰਾਨ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖ ਰਹੇ ਹਨ।

ਇਸ ਪੱਤਝੜ ਰੁੱਤ ਵਿਚ ਕੋਵਿਡ-19 ਦੀ ਗਿਣਤੀ ਵਧਦੀ ਜਾਣ ਨਾਲ, ਕੰਮ ’ਤੇ ਆ ਕੇ ਅਸੀਂ ਆਪਣੀ ਸਿਹਤ ਨੂੰ ਖਤਰੇ ਵਿਚ ਪਾਉਣਾ ਜਾਰੀ ਰੱਖ ਰਹੇ ਹਾਂ। ਇਸ ਕਰਕੇ ਇਹ ਜ਼ਰੂਰੀ ਹੈ ਕਿ ਸਾਡੇ ਵਲੋਂ ਕੀਤੇ ਜਾਣ ਵਾਲੇ ਕੰਮ ਲਈ ਸਾਨੂੰ ਸਹੀ ਤਨਖਾਹ ਮਿਲੇ ਅਤੇ ਸਾਡੀ ਰੱਖਿਆ ਹੋਵੇ।

ਬ੍ਰਿਟਿਸ਼ ਕੋਲੰਬੀਆ ਭਰ ਵਿਚ ਜੀ ਡੀ ਆਈ ਦੇ ਵਰਕਰਾਂ ਲਈ ਇਹ ਬਾਰਗੇਨਿੰਗ ਦਾ ਸਾਲ ਹੈ। ਕੰਮ ਦੀਆਂ ਵੱਖ ਵੱਖ ਥਾਂਵਾਂ ’ਤੇ 400 ਨਾਲੋਂ ਜ਼ਿਆਦਾ ਜੀ ਡੀ ਆਈ ਜੈਨੀਟਰ, ਸਾਡੇ ਨਵੇਂ ਕੋਲੈਕਟਿਵ ਬਾਰਗੇਨਿੰਗ ਐਗਰੀਮੈਂਟ ਵਿਚ ਸੁਧਾਰਾਂ ਲਈ ਲੜਾਈ ਲੜਨਗੇ।

ਇਹ ਦੇਖਣ ਲਈ ਅੰਦਰਲੇ ਪਾਸੇ ਦੇਖੋ ਕਿ ਵਾਜਬ ਕੌਨਟਰੈਕਟ ਜਿੱਤਣ ਲਈ ਸਾਨੂੰ ਕੀ ਕਰਨ ਦੀ ਲੋੜ ਹੈ।

# ਬਾਰਗੇਨਿੰਗ ਵਿਚ ਤਰਜੀਹਾਂ

ਇਨ੍ਹਾਂ ਗਰਮੀਆਂ ਵਿਚ, ਕੰਮ ਦੀਆਂ ਥਾਂਵਾਂ ’ਤੇ ਫੇਰੀਆਂ ਦੌਰਾਨ ਜਾਂ ਔਨਲਾਈਨ ਅਸੀਂ ਬਾਰਗੇਨਿੰਗ ਸਰਵੇ ਭਰੇ।

ਜੀ ਡੀ ਆਈ ਦੇ ਮੈਂਬਰਾਂ ਲਈ ਬਾਰਗੇਨਿੰਗ ਦੀਆਂ ਤਿੰਨ ਉਪਰਲੀਆਂ ਤਰਜੀਹਾਂ ਇਹ ਹਨ i) ਤਨਖਾਹਾਂ ਵਿਚ ਵਾਧਾ; ii) ਬਿਹਤਰ ਹੈਲਥ ਬੈਨੇਫਿਟਸ (ਉਡੀਕ ਕਰਨ ਦੇ ਘੱਟ ਸਮੇਂ ਸਮੇਤ); ਅਤੇ iii) ਹਰ ਸਾਲ ਤਨਖਾਹ ਸਮੇਤ ਛੁੱਟੀ ਦੇ ਜ਼ਿਆਦਾ ਨਿੱਜੀ ਦਿਨ। ਸਰਵੇ ਦੇ ਨਤੀਜੇ ਹੇਠਾਂ ਚਾਰਟ ਵਿਚ ਦਿਖਾਏ ਗਏ ਹਨ।




ਸਾਡੀ ਯੂਨੀਅਨ ਦਾ ਕੌਨਟਰੈਕਟ 31 ਅਗਸਤ, 2020 ਨੂੰ ਖਤਮ ਹੋ ਗਿਆ ਸੀ, ਪਰ ਜੀ ਡੀ ਆਈ ਬਾਰਗੇਨਿੰਗ ਲਈ ਤਾਰੀਕਾਂ ਦੇਣ ਵਿਚ ਸਹਿਯੋਗ ਨਹੀਂ ਕਰ ਰਹੀ ਅਤੇ ਹੁਣ ਬਾਰਗੇਨਿੰਗ ਨੂੰ ਅਗਲੇ ਸਾਲ ਤੱਕ ਟਾਲਣ ਦੀ ਕੋਸ਼ਿਸ਼ ਕਰ ਰਹੀ ਹੈ! ਇਹ ਸਾਰਾ ਕੁਝ ਉਦੋਂ ਹੋ ਰਿਹਾ ਹੈ ਜਦੋਂ ਅਸੀਂ ਮਹਾਂਮਾਰੀ ਦੌਰਾਨ ਹਰ ਰੋਜ਼ ਕੰਮ ਕਰਨਾ ਜਾਰੀ ਰੱਖ ਰਹੇ ਹਾਂ ਅਤੇ ਸਾਨੂੰ ਮਹਾਂਮਾਰੀ ਦੀ ਕੋਈ ਤਨਖਾਹ ਜਾਂ ਤਨਖਾਹ ਵਿਚ ਵਾਧਾ ਨਹੀਂ ਮਿਲ ਰਿਹਾ।

ਇਹ ਸਾਡੇ ਲਈ ਨਾ ਪ੍ਰਵਾਨ ਕਰਨ ਯੋਗ ਹੈ ਅਤੇ ਇਸ ਚੀਜ਼ ਦਾ ਕਾਰਨ ਹੈ ਕਿ ਜੀ ਡੀ ਆਈ ਦੇ ਵਰਕਰ ਕਿਉਂ ਹੜਤਾਲ ਦਾ ਐਕਸ਼ਨ ਕਰਨ ਲਈ ਇਕੱਠੇ ਹੋ ਰਹੇ ਅਤੇ ਤਿਆਰੀ ਕਰ ਰਹੇ ਹਨ।







ਸਰਵੇ ਕੀਤੇ ਗਏ ਜੈਨੀਟਰਾਂ ਦੀ 80% ਤੋਂ ਜ਼ਿਆਦਾ ਗਿਣਤੀ ਨੇ ਇਹ ਵੀ ਕਿਹਾ ਕਿ ਕਿਰਾਏ/ਮੌਰਗੇਜ ਨੇ ਤੁਹਾਡੇ ’ਤੇ ਸਭ ਤੋਂ ਜ਼ਿਆਦਾ ਵਿੱਤੀ ਬੋਝ ਪਾਇਆ ਹੈ।

# ਆਮ ਪੁੱਛੇ ਜਾਣ ਵਾਲੇ ਸਵਾਲ

### *ਤੁਹਾਡੀ ਬਾਰਗੇਨਿੰਗ ਕਮੇਟੀ ਤੁਹਾਨੂੰ ਹੜਤਾਲ ਲਈ ਵੋਟ ਪਾਉਣ ਦੀ ਸਿਫਾਰਸ਼ ਕਿਉਂ ਕਰ ਰਹੀ ਹੈ?*

ਜੀ ਡੀ ਆਈ ’ਤੇ ਬਾਰਗੇਨਿੰਗ ਲਈ ਛੇਤੀ ਤਾਰੀਕਾਂ ਦੇਣ ਦਾ ਪਰੈਸ਼ਰ ਪਾਉਣ ਲਈ ਸਾਨੂੰ ਉਨ੍ਹਾਂ ਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਅਸੀਂ ਇਕ ਵਾਜਬ ਕੌਨਟਰੈਕਟ ਜਿੱਤਣ ਲਈ ਗੰਭੀਰ ਹਾਂ। ਸਾਡੀਆਂ ਮੰਗਾਂ ਜੀ ਡੀ ਆਈ ਦੇ ਕੰਨਾਂ ਤੱਕ ਪਹੁੰਚਾਉਣ ਲਈ ਆਰਥਿਕ ਦਬਾਅ ਵਜੋਂ ਹੜਤਾਲ ਸਾਨੂੰ ਤਾਕਤ ਦਿੰਦੀ ਹੈ।

### *ਜੇ ਅਸੀਂ ਹੜਤਾਲ ਕਰੀਏ ਤਾਂ ਕੀ ਮੈਨੂੰ ਪੈਸੇ ਮਿਲਣਗੇ?*

ਹਾਂ। ਜਿਹੜੇ ਵਰਕਰ ਹੜਤਾਲ ਵਿਚ ਹਿੱਸਾ ਲੈਣਗੇ ਉਨ੍ਹਾਂ ਨੂੰ ਹਫਤੇ ਦੇ 400 ਡਾਲਰ ਮਿਲਣਗੇ। ਹੜਤਾਲ ਦੀ ਤਨਖਾਹ ਕੈਨੇਡਾ ਰੈਵੇਨਿਊ ਮੁਤਾਬਕ ਟੈਕਸ ਨਾ ਲੱਗਣ ਯੋਗ ਆਮਦਨ ਹੈ।




### *ਹੜਤਾਲ ਕਰਨ ਕਰਕੇ ਕੀ ਮੈਨੂੰ ਕੰਮ ਤੋਂ ਹਟਾਇਆ ਜਾ ਸਕਦਾ ਹੈ?*

ਨਹੀਂ। ਹੜਤਾਲ ਕਰਨਾ ਕੈਨੇਡਾ ਵਿਚ ਤੁਹਾਡਾ ਕਾਨੂੰਨੀ ਹੱਕ ਹੈ ਅਤੇ ਕਾਨੂੰਨ ਤੁਹਾਡੀ ਰੱਖਿਆ ਕਰਦਾ ਹੈ। ਕਿਸੇ ਵੀ ਤਰੀਕੇ ਨਾਲ ਤੁਹਾਡੇ ਤੋਂ ਬਦਲਾ ਲੈਣਾ, ਤੁਹਾਡੇ ਕੰਮ-ਮਾਲਕ ਲਈ ਗੈਰ-ਕਾਨੂੰਨੀ ਹੈ।

### *ਕੀ ਸਾਡੇ ਹੜਤਾਲ ’ਤੇ ਹੋਣ ਵੇਲੇ ਜੀ ਡੀ ਆਈ ਨਵੇਂ ਵਰਕਰ ਰੱਖ ਸਕਦੀ ਹੈ?*

ਨਹੀਂ, ਬੀ ਸੀ ਦੇ ਲੇਬਰ ਕਾਨੂੰਨ ਵਿਚ ਐਂਟੀ-ਸਕੈਬ ਕਾਨੂੰਨ ਹੈ। ਇਸ ਦਾ ਮਤਲਬ ਹੈ ਕਿ ਜੀ ਡੀ ਆਈ “ਹੜਤਾਲ-ਤੋੜੂ” ਵਰਕਰ ਨਹੀਂ ਲਿਆ ਸਕਦੀ ਜਿਸ ਦਾ ਮਤਲਬ ਹੈ ਕਿ ਤੁਹਾਡੇ ਹੜਤਾਲ ’ਤੇ ਹੋਣ ਦੌਰਾਨ ਤੁਹਾਡਾ ਕੰਮ ਕਰਨ ਲਈ ਨਵੇਂ ਵਰਕਰ ਨਹੀਂ ਰੱਖ ਸਕਦੀ।